ਨਿਊਯਾਰਕ 'ਚ ਆਯੋਜਤ 'ਇੰਡੀਆ ਡੇਅ ਪਰੇਡ' 'ਚ ਫ਼ੌਜ ਦੇ ਹੌਸਲੇ ਤੇ ਬਲਿਦਾਨ ਦਾ ਹੋਵੇਗਾ ਸਨਮਾਨ

ਵਾਸ਼ਿੰਗਟਨ, 2 ਅਗੱਸਤ : ਇਸ ਸਾਲ ਨਿਊਯਾਰਕ ਵਿਚ 18 ਅਗੱਸਤ ਨੂੰ ਹੋਣ ਜਾ ਰਹੇ 'ਇੰਡੀਆ ਡੇਅ ਪਰੇਡ' ਵਿਚ ਮਿਲਟਰੀ ਬਲਾਂ ਦੀ ਬਹਾਦਰੀ ਤੇ ਬਲੀਦਾਨ ਨੂੰ ਸਨਮਾਨਤ ਕੀਤਾ ਜਾਵੇਗਾ। ਇਹ ਭਾਰਤ ਦੇ ਬਾਹਰ ਆਜ਼ਾਦੀ ਦਿਹਾੜੇ 'ਤੇ ਆਯੋਜਤ ਹੋਣ ਵਾਲਾ ਭਾਰਤੀਆਂ ਦਾ ਸੱਭ ਤੋਂ ਵੱਡਾ ਸਮਾਗਮ ਹੈ। ਅਮਰੀਕਾ ਦੇ ਸੱਭ ਤੋਂ ਵੱਡੇ ਸਭਿਆਚਾਰਕ ਸਮਾਗਮਾਂ 'ਚੋਂ ਇਕ 'ਇੰਡੀਆ ਡੇਅ ਪਰੇਡ' ਵਿਚ ਹਜ਼ਾਰਾਂ ਭਾਰਤੀ ਸ਼ਾਮਲ ਹੁੰਦੇ ਹਨ। ਇਸ ਸਾਲ ਪਰੇਡ ਦਾ ਮੁੱਖ ਉਦੇਸ਼ 'ਅਪਣੇ ਫ਼ੌਜੀਆਂ ਦਾ ਸਮਰਥਨ ਕਰੋ, ਅਪਣੇ ਫ਼ੌਜੀਆਂ ਨੂੰ ਸਲਾਮ ਕਰੋ' ਹੈ।

ਫ਼ੈਡਰੇਸ਼ਨ ਆਫ਼ ਇੰਡੀਅਨ ਐਸੋਸੀਏਸ਼ਨ (ਐਫ.ਆਈ.ਏ.) ਨਿਊਯਾਰਕ, ਨਿਊਜਰਸੀ, ਕਨੈਕਟੀਕਟ 18 ਅਗੱਸਤ ਨੂੰ 39ਵੀਂ ਇੰਡੀਆ ਡੇਅ ਪਰੇਡ ਦਾ ਆਯੋਜਨ ਕਰੇਗਾ। ਸਾਲਾਨਾ ਸਭਿਆਚਾਰਕ ਪ੍ਰੋਗਰਾਮ ਮੈਨਹੇਟਨ ਦੇ ਕੇਂਦਰ ਮੇਡੀਸਨ ਸਕਵਾਇਰ ਦੀਆਂ ਕਈ ਸੜਕਾਂ ਤੋਂ ਹੋ ਕੇ ਲੰਘੇਗਾ। ਪਰੇਡ ਵਿਚ ਵੱਖ ਵੱਖ ਭਾਰਤੀ-ਅਮਰੀਕੀ ਸੰਗਠਨਾਂ ਦੀਆਂ ਝਾਕੀਆਂ, ਮਾਰਚਿੰਗ ਬੈਂਡ, ਪੁਲਿਸ ਦਸਤੇ ਸ਼ਾਮਲ ਹੋਣਗੇ। ਭਾਰਤੀ-ਅਮਰੀਕੀ ਨੌਜਵਾਨਾਂ ਅਤੇ ਬੱਚਿਆਂ ਵਲੋਂ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤੇ ਜਾਣਗੇ। ਐਫ.ਆਈ.ਏ. ਨੇ ਕਿਹਾ, "ਉਹ ਸਦਭਾਵਨਾ ਅਤੇ ਇਕ-ਦੂਜੇ ਦੇ ਸਨਮਾਨ ਦੇ ਵਿਚਾਰ ਦਾ ਸਮਰਥਨ ਕਰਦਾ ਹੈ। ਪਰੇਡ ਭਾਰਤੀ ਅਤੇ ਅਮਰੀਕਾ ਦੇ ਅਸਲੀ ਹੀਰੋ ਸਾਡੇ ਜਵਾਨਾਂ ਦੇ ਸਨਮਾਨ ਦਾ ਜਸ਼ਨ ਹੈ। ਪਿਛਲੇ ਸਾਲ ਦੀ ਤਰ੍ਹਾਂ ਪਰੇਡ ਵਿਚ ਕਈ ਭਾਰਤੀ ਹਸਤੀਆਂ ਮੁੱਖ ਮਹਿਮਾਨ ਵਜੋਂ ਸ਼ਾਮਲ ਹੋਣਗੀਆਂ। ਇਨ੍ਹਾਂ ਵਿਚ ਅਦਾਕਾਰ ਸੁਨੀਲ ਸ਼ੈਟੀ, ਅਦਾਕਾਰਾ ਹਿਨਾ ਖ਼ਾਨ, ਨੈਸ਼ਨਲ ਬਾਸਕਟਬਾਲ ਐਸੋਸੀਏਸ਼ਨ ਦੇ ਕਮਿਸ਼ਨਰ ਐਡਮ ਸਿਲਵਰ ਸ਼ਾਮਲ ਹਨ।" ਐਫ.ਆਈ.ਏ. ਨਿਊਯਾਰਕ ਟ੍ਰੀ ਸਟੇਟ ਦੇ ਪ੍ਰਧਾਨ ਆਲੋਕ ਕੁਮਾਰ ਨੇ ਕਿਹਾ, "ਸਾਡੇ ਫ਼ੌਜੀ, ਜਵਾਨ ਸਾਡੇ ਲਈ ਅਪਣੀ ਜ਼ਿੰਦਗੀ ਦਾ ਬਲੀਦਾਨ ਦਿੰਦੇ ਹਨ। ਇਹ ਸਾਡੇ ਵਲੋਂ ਉਨ੍ਹਾਂ ਨੂੰ ਸ਼ਰਧਾਂਜਲੀ ਹੈ ਅਤੇ ਮੌਕਾ ਹੈ ਕਿ ਅਸੀਂ ਉਨ੍ਹਾਂ ਦੀ ਸੇਵਾ, ਹਿੰਮਤ ਅਤੇ ਬਲੀਦਾਨ ਨੂੰ ਯਾਦ ਕਰੀਏ।" (ਪੀਟੀਆਈ)

ਮੁੱਖ ਮੰਤਰੀ ਵਲੋਂ ਪਠਾਨਕੋਟ ਦੇ ਜ਼ਿਲ੍ਹਾ ਪ੍ਰਸ਼ਾਸਨ ਨੂੰ ਹੁਕਮ

ਕਸ਼ਮੀਰ ਤੋਂ ਆਉਣ ਵਾਲੇ ਯਾਤਰੀਆਂ ਤੇ ਸੈਲਾਨੀਆਂ ਦੀ ਸੁਰੱਖਿਅਤ ਵਾਪਸੀ ਯਕੀਨੀ ਬਣਾਈ ਜਾਵੇ

ਚੰਡੀਗੜ੍ਹ, 2 ਅਗੱਸਤ (ਸਪੋਕਸਮੈਨ ਸਮਾਚਾਰ ਸੇਵਾ) : ਮੁੱਖ ਮੰਤਰੀ ਕੈਪਟਨ ਨੇ ਸਰਕਾਰ ਦੀ ਐਡਵਾਈਜ਼ਰੀ ਦੇ ਸੰਦਰਭ ਵਿਚ ਸਰਹੱਦੀ ਸੂਬੇ ਜੰਮੂ-ਕਸ਼ਮੀਰ ਤੋਂ ਆਉਣ ਵਾਲੇ ਅਮਰਨਾਥ ਯਾਤਰੀਆਂ ਦੀ ਸੁਰੱਖਿਅਤ ਵਾਪਸੀ ਨੂੰ ਯਕੀਨੀ ਬਣਾਉਣ ਲਈ ਸਾਰੇ ਪ੍ਰਬੰਧ ਕਰਨ ਵਾਸਤੇ ਪਠਾਨਕੋਟ ਜ਼ਿਲ੍ਹਾ ਪ੍ਰਸ਼ਾਸਨ ਨੂੰ ਨਿਰਦੇਸ਼ ਜਾਰੀ ਕੀਤੇ ਹਨ। ਕਸ਼ਮੀਰ ਵਿਚ ਅਤਿਵਾਦੀ ਖ਼ਤਰੇ ਸਬੰਧੀ ਖ਼ੁਫ਼ੀਆ ਜਾਣਕਾਰੀ ਦੇ ਮੱਦੇਨਜ਼ਰ ਸਰਹੱਦੀ ਇਲਾਕਿਆਂ ਵਿਚ ਅਤਿ ਚੌਕਸੀ ਦੇ ਹੁਕਮ ਜਾਰੀ ਕੀਤੇ ਗਏ ਹਨ।

ਮੁੱਖ ਮੰਤਰੀ ਨੇ ਸੂਬੇ ਦੇ ਵੱਖ-ਵੱਖ ਵਿਭਾਗਾਂ ਖ਼ਾਸ ਕਰ ਕੇ ਪਠਾਨਕੋਟ ਪ੍ਰਸ਼ਾਸਨ ਨੂੰ ਕਸ਼ਮੀਰ ਘਾਟੀ ਤੋਂ ਆਉਣ ਵਾਲੇ ਯਾਤਰੀਆਂ ਅਤੇ ਸੈਲਾਨੀਆਂ ਦੇ ਬਿਨਾਂ ਅੜਚਣ ਆਉਣ ਲਈ ਸੁਵਿਧਾ ਪ੍ਰਦਾਨ ਕਰਨ ਵਾਸਤੇ ਆਖਿਆ ਹੈ। ਅਤਿਵਾਦ ਸਬੰਧੀ ਰਿਪੋਰਟਾਂ ਦੇ ਮੱਦੇਨਜ਼ਰ ਇਹ ਐਡਵਾਈਜ਼ਰੀ ਜਾਰੀ ਕੀਤੀ ਗਈ ਹੈ। ਮੁੱਖ ਮੰਤਰੀ ਨੇ ਪੰਜਾਬ ਵਿਚ ਦਾਖ਼ਲ ਹੋਣ ਤੋਂ ਬਾਅਦ ਯਾਤਰੀਆਂ ਦੀ ਸੁਰੱਖਿਆ ਵਾਸਤੇ ਡਿਪਟੀ ਕਮਿਸ਼ਨਰ ਨੂੰ ਪੂਰੇ ਤਾਲਮੇਲ ਨਾਲ ਕਾਰਵਾਈ ਚਲਾਉਣ ਦੇ ਨਿਰਦੇਸ਼ ਦਿਤੇ ਹਨ। ਉਨ੍ਹਾਂ ਨੇ ਇਸ ਸਬੰਧ ਵਿਚ ਸਾਰੇ ਸਬੰਧਤ ਵਿਭਾਗਾਂ ਨੂੰ ਜ਼ਿਲ੍ਹਾ ਪ੍ਰਸ਼ਾਸਨ ਨਾਲ ਸਹਿਯੋਗ ਕਰਨ ਲਈ ਕਿਹਾ ਹੈ।

ਨਵੀਂ ਦਿੱਲੀ : ਫ਼ੈਸ਼ਨ ਡੀਜ਼ਾਈਨਰ ਮਨੀਸ਼ ਮਲਹੋਤਰਾ 'ਵੋਗ ਵੈਡਿੰਗ ਸ਼ੋਅ' ਦੌਰਾਨ ਅਪਣੀ ਬਣਾਈ ਪੋਸ਼ਾਕ ਨਾਲ ਫ਼ੋਟੋ ਖਿਚਵਾਉਂਦੇ ਹੋਏ। ਪੀ.ਟੀ.ਆਈ.)

ਮੁੰਬਈ ਦੇ ਚੀਫ਼ ਖ਼ਾਲਸਾ ਦੇ ਪ੍ਰਧਾਨ ਬਣਾਏ ਗਏ ਗੁਰਿੰਦਰ ਸਿੰਘ ਬਾਵਾ

ਅੰਮ੍ਰਿਤਸਰ, 2 ਅਗੱਸਤ (ਚਰਨਜੀਤ ਸਿੰਘ) : ਚੀਫ਼ ਖ਼ਾਲਸਾ ਦੀਵਾਨ ਦੇ ਪ੍ਰਧਾਨ ਸ੍ਰ. ਨਿਰਮਲ ਸਿੰਘ ਠੇਕੇਦਾਰ ਨੇ ਪੱਤਰ ਨੰਬਰ 1327/21 ਜਾਰੀ ਕਰ ਕੇ ਮੁੰਬਈ ਦੇ ਉਦਯੋਗਪਤੀ ਅਤੇ ਸ਼੍ਰੋਮਣੀ ਕਮੇਟੀ ਮੈਂਬਰ, ਤਖ਼ਤ ਸ੍ਰੀ ਹਜ਼ੂਰ ਸਾਹਿਬ ਬੋਰਡ ਦੇ ਸੀਨੀਅਰ ਮੀਤ ਪ੍ਰਧਾਨ ਗੁਰਿੰਦਰ ਸਿੰਘ ਬਾਵਾ ਨੂੰ ਮੁੰਬਈ ਦੇ ਚੀਫ਼ ਖ਼ਾਲਸਾ ਦੀਵਾਨ ਦਾ ਸਥਾਨਕ ਪ੍ਰਧਾਨ ਨਿਯੁਕਤ ਕੀਤਾ ਹੈ। ਇਸ ਬਾਰੇ ਪ੍ਰਾਪਤ ਜਾਣਕਾਰੀ ਮੁਤਾਬਕ ਸ੍ਰ. ਠੇਕੇਦਾਰ ਨੇ ਪੱਤਰ ਜਾਰੀ ਕਰ ਕੇ ਸ੍ਰ. ਜਸਪਾਲ ਸਿੰਘ ਕੋਹਲੀ ਨੂੰ ਸਰਪ੍ਰਸਤ, ਸ੍ਰ. ਗੁਰਿੰਦਰ ਸਿੰਘ ਬਾਵਾ ਨੂੰ ਪ੍ਰਧਾਨ, ਸਤਨਾਮ ਸਿੰਘ ਆਹੂਜਾ ਨੂੰ ਸੀਨੀਅਰ ਮੀਤ ਪ੍ਰਧਾਨ ਅਤੇ ਵਰਿੰਦਰ ਕੌਰ ਅਰੋੜਾ ਨੂੰ ਆਨਰੇਰੀ ਸਕੱਤਰ ਨਿਯੁਕਤ ਕੀਤਾ ਹੈ। ਇਸ ਪੱਤਰਕਾਰ ਨਾਲ ਗੱਲ ਕਰਦਿਆਂ ਸ੍ਰ. ਬਾਵਾ ਨੇ ਕਿਹਾ ਕਿ ਉਹ ਦੀਵਾਨ ਦੀਆਂ ਰਵਾਇਤਾਂ ਮੁਤਾਬਕ ਸੇਵਾ ਨਿਭਾਉਂਦਿਆਂ ਸੰਸਥਾ ਹੋਰ ਵੀ ਬੁਲੰਦੀ ਅਤੇ ਚੜ੍ਹਦੀ ਕਲਾ ਵਿਚ ਲੈ ਜਾਣ ਲਈ ਯਤਨਸ਼ੀਲ ਰਹਿਣਗੇ।

ਇੰਡੋਨੇਸ਼ੀਆ 'ਚ ਆਇਆ ਸ਼ਕਤੀਸ਼ਾਲੀ ਭੂਚਾਲ

ਜਕਾਰਤਾ, 2 ਅਗੱਸਤ : ਇੰਡੋਨੇਸ਼ੀਆ ਦੇ ਸੰਘਣੀ ਆਬਾਦੀ ਵਾਲੇ ਜਾਵਾ ਟਾਪੂ ਦੇ ਦਖਣੀ ਕੰਢੇ 'ਤੇ ਸ਼ੁਕਰਵਾਰ ਨੂੰ ਸ਼ਕਤੀਸ਼ਾਲੀ ਭੂਚਾਲ ਤੋਂ ਬਾਅਦ ਸੁਨਾਮੀ ਦੀ ਚਿਤਾਵਨੀ ਜਾਰੀ ਕੀਤੀ ਗਈ ਹੈ। ਇੰਡੋਨੇਸ਼ੀਆ ਦੀ ਐਮਰਜੰਸੀ ਏਜੰਸੀ ਨੇ ਇਹ ਜਾਣਕਾਰੀ ਦਿਤੀ ਹੈ। ਰਾਜਧਾਨੀ ਜਕਾਰਤਾ ਦੇ ਦਖਣ-ਪੱਛਮੀ 'ਚ ਸਮੁਰ ਤੋਂ ਲਗਭਗ 147 ਕਿਲੋਮੀਟਰ ਦੂਰ 7.5 ਤੀਬਰਤਾ ਦਾ ਭੂਚਾਲ ਆਇਆ, ਜਿਸ ਦੀ ਡੂੰਘਾਈ 10 ਕਿਲੋਮੀਟਰ ਸੀ। (ਪੀਟੀਆਈ)

ਪਾਕਿ ਫ਼ੌਜ ਨੇ ਸੈਨੇਟ ਪ੍ਰਧਾਨ ਵਿਰੁਧ ਬੇਭਰੋਸਗੀ ਮਤਾ ਅਸਫ਼ਲ ਕਰਨ ਦੇ ਦੋਸ਼ਾਂ ਨੂੰ ਕੀਤਾ ਰੱਦ

ਇਸਲਾਮਾਬਾਦ, 2 ਅਗੱਸਤ : ਪਾਕਿਸਤਾਨੀ ਫ਼ੌਜ ਨੇ ਸ਼ੁਕਰਵਾਰ ਨੂੰ ਉਨ੍ਹਾਂ ਦੋਸ਼ਾਂ ਨੂੰ ਰੱਦ ਕਰ ਦਿਤਾ ਕਿ ਦੇਸ਼ ਦੇ ਖ਼ੁਫ਼ੀਆ ਏਜੰਸੀ ਇੰਟਰ ਸਰਵੀਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਦੀ ਸੈਨੇਟ ਪ੍ਰਧਾਨ ਸਾਦਿਕ ਸੰਜਰਾਨੀ ਵਿਰੁਧ ਬੇਭਰੋਸਗੀ ਮਤੇ ਦੇ ਅਸਫ਼ਲ ਹੋਣ ਵਿਚ ਕਿਸੇ ਤਰ੍ਹਾਂ ਦੀ ਭੂਮਿਕਾ ਸੀ। ਵਿਰੋਧੀ ਪਾਰਟੀਆਂ ਵਲੋਂ ਲਗਾਏ ਗਏ ਬੇਭਰੋਸਗੀ ਮਤੇ ਨੂੰ ਸੰਜਰਾਨੀ ਨੇ ਵੀਰਵਾਰ ਨੂੰ ਬਚਾ ਲਿਆ। ਇਸ ਨੂੰ ਵਿਰੋਧੀ ਪਾਰਟੀਆਂ ਲਈ ਵੱਡਾ ਝਟਕਾ ਮੰਨਿਆ ਜਾ ਰਿਹਾ ਹੈ, ਜੋ ਅਪਣੀ ਜਿੱਤ ਨੂੰ ਲੈ ਕੇ ਆਸਵੰਦ ਸਨ। ਸਾਂਝੇ ਵਿਰੋਧੀਆਂ ਵਲੋਂ ਲਿਆਂਦਾ ਗਿਆ ਬੇਭਰੋਸਗੀ ਮਤੇ ਦੇ ਪੱਖ ਵਿਚ ਆਮ ਬਹੁਮਤ ਵੀ ਨਹੀਂ ਜੁਟਾ ਸਕਿਆ ਅਤੇ ਸਿਰਫ਼ 50 ਸੈਨੇਟਰਾਂ ਨੇ ਇਨ੍ਹਾਂ ਬਿਲਾਂ ਦੇ ਪੱਖ 'ਚ ਵੋਟਿੰਗ ਕੀਤੀ। ਪ੍ਰਧਾਨ ਨੂੰ ਹਟਾਉਣ ਲਈ ਤਿੰਨ ਵੋਟਾਂ ਦੀ ਕਮੀ ਰਹੀ। ਇਹ ਵਿਰੋਧੀਆਂ ਲਈ ਵੱਡੇ ਝਟਕੇ ਦੇ ਤੌਰ 'ਤੇ ਦੇਖਿਆ ਜਾ ਰਿਹਾ ਹੈ ਕਿਉਂਕਿ ਵੋਟਿੰਗ ਤੋਂ ਸਿਰਫ਼ ਅੱਧਾ ਘੰਟਾ ਪਹਿਲਾਂ ਸਾਰੇ 64 ਵਿਰੋਧੀ ਸੈਨੇਟਰਾਂ ਨੇ ਸੰਜਰਾਨੀ ਵਿਰੁਧ ਬਿਲ 'ਤੇ ਖੜ੍ਹੇ ਹੋ ਕੇ ਇਕਜੁੱਟਤਾ ਦਿਖਾਈ ਸੀ। (ਪੀਟੀਆਈ)

ਭਾਰਤੀ ਪੱਤਰਕਾਰ ਨੂੰ ਮਿਲੇਗਾ 'ਰਮਨ ਮੈਗਸੇਸੇ ਪੁਰਸਕਾਰ'

ਮਨੀਲਾ, 2 ਅਗੱਸਤ : ਭਾਰਤ ਦੇ ਸੀਨੀਅਰ ਪੱਤਰਕਾਰ ਰਵੀਸ਼ ਕੁਮਾਰ ਨੂੰ ਇਸ ਸਾਲ ਦੇ 'ਰਮਨ ਮੈਗਸੇਸੇ ਪੁਰਸਕਾਰ' ਲਈ ਚੁਣਿਆ ਗਿਆ ਹੈ। ਇਸ ਪੁਰਸਕਾਰ ਨੂੰ ਨੋਬਲ ਪੁਰਸਕਾਰ ਦਾ ਏਸ਼ੀਆਈ ਐਡੀਸ਼ਨ ਮੰਨਿਆ ਜਾਂਦਾ ਹੈ। ਸ਼ੁਕਰਵਾਰ ਨੂੰ ਰਮਨ ਮੈਗਸੇਸੇ ਪੁਰਸਕਾਰ ਫ਼ਾਊਂਡੇਸ਼ਨ ਨੇ ਇਸ ਸਬੰਧੀ ਐਲਾਨ ਕਰਦਿਆਂ 44 ਸਾਲਾ ਰਵੀਸ਼ ਕੁਮਾਰ ਨੂੰ ਭਾਰਤ ਦੇ ਸੱਭ ਤੋਂ ਪ੍ਰਭਾਵਸ਼ਾਲੀ ਟੀ.ਵੀ. ਪੱਤਰਕਾਰਾਂ 'ਚੋਂ ਇਕ ਦਸਿਆ। ਰਵੀਸ਼ ਐਨ.ਡੀ.ਟੀ.ਵੀ. ਇੰਡੀਆ ਦੇ ਸੀਨੀਅਰ ਕਾਰਜਕਾਰੀ ਸੰਪਾਦਕ ਹਨ। (ਪੀਟੀਆਈ)

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਕਿਰਤਪ੍ਰੀਤ ਕੌਰ ਨੂੰ ਫ਼ੋਰਮ ਆਫ਼ ਸਿੱਖ ਸਟੂਡੈਂਟਸ ਦਾ ਪ੍ਰਧਾਨ ਥਾਪਿਆ

ਸਪੋਕਸਮੈਨ ਟੀ.ਵੀ. ਨਾਲ ਗੱਲਬਾਤ ਕਰਦੀ ਹੋਈ ਕਿਰਤਪ੍ਰੀਤ ਕੌਰ।

ਚੰਡੀਗੜ੍ਹ, 2 ਅਗੱਸਤ (ਸਪੋਕਸਮੈਨ ਸਮਾਚਾਰ ਸੇਵਾ) : ਪੰਜਾਬ ਯੂਨੀਵਰਸਿਟੀ 'ਚ ਪਿਛਲੇ ਸਮੇਂ ਤੋਂ ਕਾਰਜਸ਼ੀਲ ਵਿਦਿਆਰਥੀ ਜਥੇਬੰਦੀ ਅਕਾਦਮਕ ਫ਼ੋਰਮ ਆਫ਼ ਸਿੱਖ ਸਟੂਡੈਂਟਸ (ਏਐਫ਼ਐਸਐਸ) ਵਲੋਂ ਨਵੇਂ ਅਕਾਦਮਕ ਸੈਸ਼ਨ ਨੂੰ ਮੁੱਖ ਰਖਦਿਆਂ ਇਕੱਤਰਤਾ ਕੀਤੀ ਗਈ। ਇਸ ਵਿਚ ਹਾਜ਼ਰ ਮੈਂਬਰਾਂ ਦੀ ਸਰਬਸੰਮਤੀ ਨਾਲ ਕਿਰਤਪ੍ਰੀਤ ਕੌਰ, ਖੋਜਾਰਥੀ ਮਨੋਵਿਗਿਆਨ ਵਿਭਾਗ ਨੂੰ ਜਥੇਬੰਦੀ ਦਾ ਨਵਾਂ ਪ੍ਰਧਾਨ ਥਾਪਿਆ ਗਿਆ। ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਸਪੋਕਸਮੈਨ ਟੀਵੀ ਦੇ ਪੱਤਰਕਾਰ ਸੁਰਖ਼ਾਬ ਚੰਨ ਨਾਲ ਕਿਰਤਪ੍ਰੀਤ ਕੌਰ ਨੇ ਗੱਲਬਾਤ ਦੌਰਾਨ ਅਪਣੇ ਮੁੱਦੇ/ਏਜੰਡਿਆਂ ਦੀ ਗੱਲ ਕੀਤੀ। ਉਨ੍ਹਾਂ ਕਿਹਾ ਕਿ ਨਿਜੀ ਜ਼ਿੰਦਗੀ ਤੋਂ ਉੱਠ ਕੇ ਪਹਿਲਾਂ ਅਸੀਂ ਯੂਨੀਵਰਸਿਟੀ ਦੇ ਵਿਦਿਆਰਥੀਆਂ ਦੀਆਂ ਸਮੱਸਿਆਵਾਂ ਦਾ ਹੱਲ ਕਰੀਏ ਜੋ ਵੀ ਉਨ੍ਹਾਂ ਨੂੰ ਇਥੇ ਨਿਜੀ ਪ੍ਰੇਸ਼ਾਨੀਆਂ ਆ ਰਹੀਆਂ ਹਨ। ਜੋ ਪ੍ਰਧਾਨ ਦੀ ਜ਼ਿੰਮੇਵਾਰੀ ਹੈ, ਪਾਵਰ ਹੈ, ਉਸ ਨੂੰ ਅਸੀਂ ਵਰਤ ਕੇ ਵਿਦਿਆਰਥੀਆਂ ਦੀਆਂ ਪ੍ਰੇਸ਼ਾਨੀਆਂ ਦਾ ਹੱਲ ਕਰਨ ਲਈ ਵਰਤ ਸਕੀਏ, ਵੱਧ ਤੋਂ ਵੱਧ ਕਿਸੇ ਦਾ ਭਲਾ ਕਰ ਸਕੀਏ।

ਉਨ੍ਹਾਂ ਕਿਹਾ ਜੋ ਸਾਡੀ ਜਥੇਬੰਦੀ ਦੇ ਮੁੱਦੇ ਹਨ ਕਿ ਅਪਣੇ ਵਿਦਿਆਰਥੀਆਂ ਦੇ ਨਾਲ-ਨਾਲ 6 ਵਿਦਿਆਰਥੀਆਂ ਦਾ ਗਰੁੱਪ ਬਣਾਉਂਦੇ ਹਾਂ ਤਾਂ ਜੋ ਉਹ ਵਿਦਿਆਰਥੀਆਂ ਨੂੰ ਅਪਣੇ ਨਾਲ ਜੋੜਨ ਤੇ ਨੌਜਵਾਨ ਪੀੜ੍ਹੀ ਨੂੰ ਅੱਗੇ ਲਿਆ ਸਕਣ। ਇਸ ਤੋਂ ਬਾਅਦ ਫਿਰ ਪੰਜਾਬ ਦੇ ਮਸਲੇ ਆ ਜਾਂਦੇ ਹਨ ਜਿਵੇਂ ਕਿਸੇ ਵੀ ਥਾਂ ਘੱਟ ਗਿਣਤੀ ਲੋਕਾਂ ਨਾਲ ਧੱਕਾ ਹੁੰਦਾ ਹੈ ਤਾਂ ਉਨ੍ਹਾਂ ਲਈ ਆਵਾਜ਼ ਚੁੱਕਣੀ ਉਹ ਵੀ ਯੂਥ ਪਾਵਰ ਹੈ ਤਾਂ ਹੀ ਅਸੀਂ ਯੂਥ ਪਾਵਰ ਨੂੰ ਇਕੱਠਾ ਕਰਦੇ ਹਾਂ। ਸਾਡੇ ਵਿਦਿਆਰਥੀ ਪੜ੍ਹੇ-ਲਿਖੇ, ਸਮਝਦਾਰ ਵੀ ਹਨ। ਉਨ੍ਹਾਂ ਸਾਰਿਆਂ ਨੂੰ ਇਕ ਜਥੇਬੰਦ ਕੀਤਾ ਜਾਵੇ ਤਾਂ ਜੋ ਜਥੇਬੰਦ ਹੋ ਕੇ ਮਸਲਿਆਂ ਦੇ ਵਿਰੁਧ ਆਵਾਜ਼ ਚੁੱਕ ਸਕੀਏ।

ਉਨ੍ਹਾਂ ਕਿਹਾ ਕਿ ਜਥੇਬੰਦੀਆਂ ਤਾਂ ਹੋਰ ਵੀ ਬਹੁਤ ਹਨ, ਅੱਜ ਤਕ ਜਿੰਨੇ ਵੀ ਅਸੀਂ ਮੁੱਦੇ ਚੁੱਕੇ ਹਨ, ਜੇ ਕਿਸੇ ਵੀ ਵਿਦਿਆਰਥੀ ਨਾਲ ਧੱਕਾ ਹੁੰਦਾ ਹੈ ਤਾਂ ਸਾਰੀ ਜਥੇਬੰਦੀ ਹੀ ਅੱਗੇ ਆਵੇਗੀ, ਇਹ ਨਹੀਂ ਕਿ 6 ਵਿਦਿਆਰਥੀ ਹੀ ਅੱਗੇ ਆਉਣਗੇ। ਸਾਡੇ ਜਥੇਬੰਦੀ ਦਾ ਸੱਚ ਹੀ ਮੁਢ ਹੈ। ਸੱਚ ਦੇ ਰਾਹ 'ਤੇ ਚੱਲਣਾ ਹੀ ਸਾਡੇ ਧਰਮ ਹੈ। ਕਿਰਤਪ੍ਰੀਤ ਕੌਰ ਨੇ ਕਿਹਾ ਕਿ ਪ੍ਰਧਾਨ ਤਾਂ ਇਕ ਪੁਜੀਸ਼ਨ ਹੈ ਪਰ ਆਗੂ ਤਾਂ ਸਾਡਾ ਸੱਚ ਹੈ ਜਿਸ ਨੂੰ ਅਸੀਂ ਅੱਗੇ ਲੈ ਕੇ ਚੱਲਣਾ ਹੁੰਦਾ ਹੈ। ਅਸੀਂ ਵਿਦਿਆਰਥੀਆਂ ਦੀ ਮੰਗਾਂ ਸੁਣਨ ਲਈ ਉਨ੍ਹਾਂ ਦੇ ਵਿਚਕਾਰ ਜਾਵਾਂਗੇ, ਜੋ ਮੰਗਾਂ ਉਨ੍ਹਾਂ ਦੀਆਂ ਹੋਣਗੀਆਂ ਅਸੀਂ ਉਨ੍ਹਾਂ ਨੂੰ ਅੱਗੇ ਲੈ ਕੇ ਜਾਵਾਂਗੇ।

ਕਿਰਤਪ੍ਰੀਤ ਕੌਰ ਨੇ ਅਪਣੇ ਮੁੱਦੇ/ਏਜੰਡੇ ਸਾਨੂੰ ਦੱਸੇ ਬੜੀ ਬੇਬਾਕੀ ਨਾਲ ਦੱਸੇ। ਹੁਣ ਦੇਖਣਾ ਇਹ ਹੋਵੇਗਾ ਕਿ ਚੋਣਾਂ ਤੋਂ ਬਾਅਦ ਯੂਨੀਵਰਸਿਟੀ ਦੀ ਪ੍ਰਧਾਨਗੀ ਕਿਸ ਦੇ ਹੱਥ ਆਉਂਦੀ ਹੈ।

ਸਫ਼ਾ ਤਿੰਨ ਦੀਆਂ ਬਾਕੀਆਂ

ਬਿਜਨਸ ਸਲਾਹਕਾਰ ਕਮੇਟੀ ਦੀ ਬੈਠਕ ਹੋਈ

ਕਿ ਵਿਰੋਧੀ ਧਿਰ ਕਈ ਗਰੁੱਪਾਂ 'ਚ ਵੰਡੀ ਹੋਈ ਹੈ, ਅਤੇ ਮੰਤਰੀਆਂ ਨੂੰ ਅਪਣੀ ਡਿਊਟੀ ਧੜੱਲੇ ਨਾਲ ਪੂਰੀ ਕਰਨੀ ਚਾਹੀਦੀ ਹੈ। ਕਾਂਗਰਸੀ ਧਿਰ ਨੇ ਸੈਸ਼ਨ ਛੋਟਾ ਰੱਖਣ ਦੇ ਪ੍ਰਸਤਾਵ ਨੂੰ ਸਹੀ ਠਹਿਰਾਇਆ। ਦੂਜੇ ਪਾਸੇ ਆਪ ਤੇ ਅਕਾਲੀ-ਭਾਜਪਾ ਧਿਰਾਂ ਨੇ ਆਪ ਅਪਣੀਆਂ ਵਿਧਾਨ ਕਾਰਾਂ ਦੀ ਬੈਠਕ 'ਚ ਸਰਕਾਰੀ ਪੱਖ ਦੀ ਆਲੋਚਨਾ ਕੀਤੀ 'ਤੇ ਸਪੱਸ਼ਟ ਕਿਹਾ ਕਿ ਸੋਮਵਾਰ ਦੀ ਸਦਨ ਦੀ ਬੈਠਕ 'ਚ ਹਮਲਾਵਰ ਰੁਖ਼ ਅਪਣਾਇਆ ਜਾਵੇਗਾ।

ਪਟਿਆਲਾ ਦੀ ਅਦਾਲਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਕੀਤਾ ਤਲਬ

ਦਾਇਰ ਕੀਤੀ ਗਈ ਸੀ। ਇਨ੍ਹਾਂ ਜਾਰੀ ਹੋਏ ਸੰਮਨਾਂ ਦੀ ਪੁਸ਼ਟੀ ਕਰਦਿਆਂ ਸ਼ਿਕਾਇਤਕਰਤਾ ਧਿਰ ਦੇ ਵਕੀਲ ਗੁਰਪ੍ਰੀਤ ਸਿੰਘ ਭਸੀਨ ਨੇ ਦਸਿਆ ਕਿ ਲੋਕ ਇਨਸਾਫ਼ ਪਾਰਟੀ ਦੇ ਲੁਧਿਆਣਾ ਤੋਂ ਵਿਧਾਇਕ ਸਿਮਰਨਜੀਤ ਸਿੰਘ ਬੈਂਸ ਵਲੋਂ ਕੈਬਨਿਟ ਮੰਤਰੀ ਬ੍ਰਹਮ ਮਹਿੰਦਰਾ ਵਿਰੁਧ ਦਵਾਈਆਂ ਦੀ ਕੰਪਨੀ ਸਬੰਧੀ ਝੂਠੇ ਦੋਸ਼ ਲਗਾਏ ਗਏ ਸਨ ਜਦਕਿ ਸ੍ਰੀ ਬ੍ਰਹਮ ਮਹਿੰਦਰਾ ਨੇ ਕਿਹਾ ਸੀ ਕਿ ਉਨ੍ਹਾਂ ਦਾ ਦਾਮਨ ਸਾਫ਼ ਹੈ ਅਤੇ ਅਜਿਹੇ ਦੋਸ਼ ਲਗਾ ਕੇ ਐਮ.ਐਲ.ਏ. ਬੈਂਸ ਨੇ ਫ਼ੋਕੀ ਸ਼ੋਹਰਤ ਖੱਟਣ ਲਈ ਹੀ ਉਨ੍ਹਾਂ 'ਤੇ ਅਜਿਹੇ ਦੋਸ਼ ਲਾਏ ਹਨ। ਉਨ੍ਹਾਂ ਨੇ ਅਪਣੇ ਵਕੀਲ ਗੁਰਪ੍ਰੀਤ ਸਿੰਘ ਭਸੀਨ ਰਾਹੀ 1 ਅਗੱਸਤ 2018 ਨੂੰ ਭਾਰਤੀ ਦੰਡਾਵਲੀ ਦੀ ਧਾਰਾ 499 ਤੇ 500 ਤਹਿਤ ਪਟਿਆਲਾ ਦੀ ਅਦਾਲਤ ਵਿਖੇ ਇਹ ਕੇਸ ਦਾਇਰ ਕੀਤਾ ਸੀ।

ਇਸੇ ਮਾਮਲੇ ਦੀ ਸੁਣਵਾਈ ਦੌਰਾਨ ਅਦਾਲਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਭਾਰਤੀ ਦੰਡਾਵਲੀ ਦੀ ਧਾਰਾ 500 ਤਹਿਤ ਅਦਾਲਤ 'ਚ ਪੇਸ਼ ਹੋਣ ਲਈ ਸੰਮਨ ਜਾਰੀ ਕਰਦਿਆਂ ਅਗਲੀ ਸੁਣਵਾਈ 2 ਸਤੰਬਰ 'ਤੇ ਪਾ ਦਿਤੀ ਹੈ। ਇਸ ਕੇਸ 'ਚ ਹੁਣ ਤਕ 22 ਗਵਾਹਾਂ ਦੇ ਬਿਆਨ ਦਰਜ ਕਰਵਾਏ ਜਾ ਚੁੱਕੇ ਹਨ ਅਤੇ ਹੁਣ ਅਦਾਲਤ ਨੇ ਵਿਧਾਇਕ ਸਿਮਰਜੀਤ ਸਿੰਘ ਬੈਂਸ ਨੂੰ ਸੰਮਨ ਜਾਰੀ ਕੀਤੇ ਹਨ।

ਅੰਤਰਰਾਸਟਰੀ ਸਰਹੱਦ ਤੇ ਖਲੋ ਕੇ 223ਵੀਂ ਅਰਦਾਸ ਕੀਤੀ

ਬਾਜਵਾ ਨੇ ਆਖਿਆ ਕਿ ਸਮੁੱਚੇ ਸੰਸਾਰ ਦੀਆ ਨਾਨਕ ਨਾਮ ਲੇਵਾ ਸੰਗਤਾਂ ਵਿਚ ਗੁਰੂ ਨਾਨਕ ਸਾਹਿਬ ਦੇ 550ਵੇਂ ਪ੍ਰਕਾਸ਼ ਪੁਰਬ ਮਨਾਉਣ ਲਈ ਭਾਰੀ ਉਤਸਾਹ ਹੈ ਅਤੇ ਸੰਗਤਾਂ ਨੂੰ ਚਾਹੀਦਾ ਹੈ ਕਿ ਪ੍ਰਦੂਸਨ ਘਟਾਉਣ ਲਈ ਹਰ ਕੋਈ ਅਪਣੀ ਸਮਰੱਥਾ ਮੁਤਾਬਕ ਬੂਟੇ ਲਾਵੇ ਤਾ ਜੋ ਧੁੰਦਲਾ ਵਾਤਾਵਰਨ ਸਾਫ ਹੋ ਸਕੇ। ਇਸ ਸਮੇ ਬਾਬਾ ਗੁਰਮੇਜ ਸਿੰਘ ਦਾਬਾਂਵਾਲ , ਇੰਜੀ ਸੁਖਦੇਵ ਸਿਘ ਧਾਲੀਵਾਲ , ਅਜਾਇਬ ਸਿੰਘ ਬਹਾਦੁਰ ਹੁਸੈਨ ਨਿਰਮਲ ਸਿੰਘ ਸਾਗਰਪੁਰ , ਨਿਰਮਲ ਸਿੰਘ ਬਹਾਦੁਰ ਹੁਸੈਨ , ਗੁਰਪ੍ਰੀਤ ਸਿੰਘ ਖਾਸਾਂਵਾਲੀ , ਭੁਪਿੰਦਰ ਸਿੰਘ ਨੰਬਰਦਾਰ , ਹਰਭਜਨ ਸਿੰਘ ਰੱਤੜਵਾ , ਜਗਮੋਹਨ ਸਿੰਘ ਜੱਫਰਵਾਲ , ਉਪਿੰਦਰ ਸਿੰਘ ,ਬੁੱਧ ਸਿੰਘ ਦਿਆਲਗੜ ਆਦਿ ਹਾਜਰ ਸਨ ।

ਐਸ.ਟੀ.ਐਫ਼ ਨੇ 22 ਕਰੋੜ ਦੀ ਹੈਰੋਇਨ ਫੜੀ

ਇਸ ਬਾਬਤ ਮੋਹਾਲੀ ਐਸ. ਟੀ. ਐਫ਼. ਵਿਖੇ ਮਾਮਲਾ ਦਰਜ ਕਰ ਲਿਆ ਗਿਆ ਹੈ। ਐਸਟੀਐਫ਼ ਦੇ ਏਆਈਜੀ ਸਨੇਹਦੀਪ ਸ਼ਰਮਾ, ਐਸਟੀਐਫ਼ ਦੇ ਲੁਧਿਆਣਾ ਮੁਖੀ ਹਰਬੰਸ ਸਿੰਘ ਅਤੇ ਐਸਐਸਪੀ ਜਗਰਾਉਂ ਸੰਦੀਪ ਗੋਇਲ ਨੇ ਦਸਿਆ ਕਿ ਪੁਲਿਸ ਨੂੰ ਖ਼ੁਫ਼ੀਆ ਸੂਚਨਾ ਮਿਲੀ ਕਿ ਪਾਕਿਸਤਾਨ ਦੇ ਨਸ਼ਾ ਤਸਕਰ ਮੋਬਾਈਲ ਫ਼ੋਨ 'ਤੇ ਵ੍ਹਟਸਐਪ ਜ਼ਰੀਏ ਸੰਪਰਕ ਕਰ ਕੇ ਭਾਰੀ ਮਾਤਰਾ 'ਚ ਹੈਰੋਇਨ ਭੇਜ ਰਹੇ ਹਨ ਜਿਸ ਤੋਂ ਬਾਅਦ ਇਹ ਕਾਰਵਾਈ ਕੀਤੀ ਗਈ।

ਅੱਗ ਲੱਗਣ ਨਾਲ ਬਜ਼ੁਰਗ ਜੋੜੇ ਦੀ ਮੌਤ ਦੇ ਮਾਮਲੇ ਦਾ ਪਰਦਾਫ਼ਾਸ਼

ਪੁਲਿਸ ਨੂੰ ਘਟਨਾ ਸਥਾਨ ਤੋਂ ਸ਼ਰਾਬ ਦੀ ਇਕ ਬੋਤਲ ਅਤੇ ਦੋ ਗਲਾਸ ਵੀ ਮਿਲੇ ਸਨ ਅਤੇ ਇਸ ਬੋਤਲ ਤੋਂ ਫ਼ਿੰਗਰ ਪ੍ਰਿੰਟ ਵੀ ਲਏ ਗਏ। ਪੁਲਿਸ ਨੇ ਕਿਹਾ ਕਿ ਮੁਲਜ਼ਮਾਂ ਪਾਸੋਂ ਚੋਰੀ ਨਕਦੀ, ਮੋਬਾਈਲ ਅਤੇ ਵਾਰਦਾਤ ਲਈ ਵਰਤਿਆ ਮੋਟਰਸਾਈਕਲ ਬਰਾਮਦ ਕਰ ਲਿਆ ਹੈ। ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮਾਂ ਨੂੰ ਅੱਜ ਇੱਥੇ ਇਲਾਕਾ ਮੈਜਿਸਟ੍ਰੇਟ ਦੀ ਅਦਾਲਤ ਵਿਚ ਪੇਸ਼ ਕੀਤਾ ਗਿਆ। ਜਿੱਥੇ ਅਦਾਲਤ ਨੇ ਮੁਲਜ਼ਮਾਂ ਨੂੰ ਤਿੰਨ ਦਿਨਾਂ ਦੇ ਪੁਲਿਸ ਰਿਮਾਂਡ 'ਤੇ ਭੇਜਣ ਦਾ ਹੁਕਮ ਦਿਤਾ।

ਆਸੀਆਨ ਸਿਖਰ ਸੰਮੇਲਨ ਦੌਰਾਨ ਬੈਂਕਾਕ 'ਚ ਬੰਬ ਧਮਾਕੇ, 4 ਜ਼ਖ਼ਮੀ



ਬੈਂਕਾਕ, 2 ਅਗੱਸਤ : ਥਾਈਲੈਂਡ ਦੀ ਰਾਜਧਾਨੀ ਬੈਂਕਾਕ ਵਿਚ ਸ਼ੁਕਰਵਾਰ ਸਵੇਰੇ 4 ਵੱਖ-ਵੱਖ ਥਾਵਾਂ 'ਤੇ ਘੱਟ ਤੀਬਰਤਾ ਦੇ 6 ਬੰਬ ਧਮਾਕੇ ਹੋਏ। ਇਨ੍ਹਾਂ ਧਮਾਕਿਆਂ ਵਿਚ ਘੱਟੋ-ਘੱਟ 3 ਲੋਕਾਂ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਹੈ। ਜ਼ਖ਼ਮੀ ਹੋਏ ਲੋਕਾਂ ਨੂੰ ਇਲਾਜ ਲਈ ਹਸਪਤਾਲ ਵਿਚ ਭਰਤੀ ਕਰਵਾਇਆ ਗਿਆ ਹੈ। ਸਥਾਨਕ ਪੁਲਿਸ ਮਾਮਲੇ ਦੀ ਜਾਂਚ ਕਰ ਰਹੀ ਹੈ। ਹਾਲੇ ਤਕ ਕਿਸੇ ਸਮੂਹ ਨੇ ਹਮਲੇ ਦੀ ਜ਼ਿੰਮੇਵਾਰੀ ਨਹੀਂ ਲਈ ਹੈ। ਖ਼ਬਰ ਅਨੁਸਾਰ ਸਵੇਰੇ 7 ਵਜੇ ਪਹਿਲੇ ਦੋ ਧਮਾਕੇ ਚੋਂਗ ਵਟਾਨਾ ਰੋਡ 'ਤੇ ਸਰਕਾਰੀ ਦਫ਼ਤਰ ਕੰਪਲੈਕਸ ਦੀ ਇਮਾਰਤ ਬੀ ਨੇੜੇ ਅਤੇ ਰੋਇਲ ਥਾਈ ਆਰਮਡ ਫੋਰਸਿਸ ਹੈੱਡਕੁਆਰਟਰ ਨੇੜੇ ਹੋਏ। ਇਸ ਹਮਲੇ ਵਿਚ ਕਿਸੇ ਦੇ ਜ਼ਖ਼ਮੀ ਹੋਣ ਦੀ ਜਾਣਕਾਰੀ ਨਹੀਂ ਹੈ। ਇਕ ਹੋਰ ਧਮਾਕਾ ਇਕ ਘੰਟੇ ਬਾਅਦ 9 ਰੋਡ 'ਤੇ ਇਕ ਗਲੀ ਵਿਚ ਹੋਇਆ, ਜਿਸ ਵਿਚ 2 ਔਰਤਾਂ ਜ਼ਖ਼ਮੀ ਹੋ ਗਈਆਂ। ਪੁਲਿਸ ਨੇ ਸਮਾਚਾਰ ਏਜੰਸੀ ਨੂੰ ਦਸਿਆ ਕਿ ਇਹ ਘਰ ਵਿਚ ਬਣਾਇਆ ਗਿਆ ਬੰਬ ਸੀ ਅਤੇ ਉਨ੍ਹਾਂ ਦਾ ਮੰਨਣਾ ਸੀ ਕਿ ਇਸ ਨੂੰ ਨੇੜਲੇ ਤਕਨੀਕੀ ਅਦਾਰੇ ਦੇ ਵਿਦਿਆਰਥੀਆਂ ਨੇ ਲਗਾਇਆ ਸੀ। (ਪੀਟੀਆਈ)

ਨਵਾਜ਼ ਸ਼ਰੀਫ਼ ਦੇ ਭਤੀਜਿਆਂ ਨੂੰ ਜਹਾਜ਼ ਤੋਂ ਹੇਠਾਂ ਉਤਾਰਿਆ

ਲਾਹੌਰ, 2 ਅਗੱਸਤ : ਫ਼ੈਡਰਲ ਜਾਂਚ ਏਜੰਸੀ ਨੇ ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਨਵਾਜ਼ ਸ਼ਰੀਫ਼ ਦੇ ਦੋ ਭਤੀਜਿਆਂ ਯੂਸੁਫ਼ ਅੱਬਾਸ ਅਤੇ ਅਬਦੁਲ ਅਜ਼ੀਜ਼ ਅੱਬਾਸ ਨੂੰ ਅਲਾਮਾ ਇਕਬਾਲ ਕੌਮਾਂਤਰੀ ਹਵਾਈ ਅੱਡੇ ਤੋਂ ਸਾਊਦੀ ਅਰਬ ਜਾਣ ਵਾਲੇ ਜਹਾਜ਼ ਤੋਂ ਜ਼ਬਰਦਸਤੀ ਉਤਾਰ ਲਿਆ। ਐਫ਼.ਆਈ.ਏ. ਨੇ ਰਾਸ਼ਟਰੀ ਜਵਾਬਦੇਹੀ ਬਿਊਰੋ ਦੀ ਮੰਗ 'ਤੇ ਵੀਰਵਾਰ ਨੂੰ ਇਹ ਕਾਰਵਾਈ ਕੀਤੀ। ਨਿਊਜ਼ ਪੇਪਰ ਡਾਨ ਨੇ ਲਿਖਿਆ ਕਿ ਯੂਸੁਫ਼ ਅੱਬਾਸ ਅਤੇ ਅਬਦੁਲ ਅਜ਼ੀਜ਼ ਅੱਬਾਸ ਹਜ ਲਈ ਸਾਊਦੀ ਅਰਬ ਰਵਾਨਾ ਹੋਣ ਵਾਲੇ ਸਨ। ਫ਼ੈਡਰਲ ਜਾਂਚ ਏਜੰਸੀ ਦੇ ਅਧਿਕਾਰੀਆਂ ਨੇ ਦਸਿਆ ਕਿ ਦੋਹਾਂ ਦੇ ਨਾਂ ਪ੍ਰੋਵੀਜਨਲ ਨੈਸ਼ਨਲ ਆਈਡੈਂਟਿਟੀ ਲਿਸਟ ਵਿਚ ਸ਼ਾਮਲ ਹੋਣ ਕਾਰਨ ਇਹ ਕਾਰਵਾਈ ਕੀਤੀ ਗਈ ਹੈ।

ਹਾਲ ਹੀ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲੈ ਕੇ ਇਕ ਨਵੀਂ ਐਗਜ਼ਿਟ ਕੰਟਰੋਲ ਲਿਸਟ ਵਰਗੀ ਸ਼੍ਰੇਣੀ ਸ਼ੁਰੂ ਕੀਤੀ ਗਈ, ਜਿਸ ਤਹਿਤ ਕਿਸੇ ਵੀ ਯਾਤਰੀ ਨੂੰ ਸਰਕਾਰੀ ਵਿਭਾਗ ਦੀ ਮੰਗ 'ਤੇ ਦੇਸ਼ ਛੱਡਣ ਤੋਂ ਰੋਕਿਆ ਜਾ ਸਕਦਾ ਹੈ। ਐਨ.ਬੀ.ਏ. ਨੇ ਹਾਲ ਹੀ ਵਿਚ ਗ੍ਰਹਿ ਮੰਤਰਾਲੇ ਨੂੰ ਯੂਸੁਫ਼ ਅੱਬਾਸ ਅਤੇ ਅਬਦੁਲ ਅਜ਼ੀਜ਼ ਅੱਬਾਸ ਦੇ ਨਾਂ ਨੂੰ ਪ੍ਰੋਵੀਜਨਲ ਨੈਸ਼ਨਲ ਆਈਡੈਂਟਿਟੀ ਲਿਸਟ ਵਿਚ ਸ਼ਾਮਲ ਕਰਨ ਲਈ ਚਿੱਠੀ ਲਿਖੀ ਸੀ ਤਾਂ ਜੋ ਦੋਵੇਂ ਹੀ ਦੇਸ਼ ਨਾ ਛੱਡ ਸਕਣ।

ਅਧਿਕਾਰੀਆਂ ਨੇ ਦਸਿਆ ਕਿ ਦੋਵੇਂ ਭਰਾ ਭਾਈ ਚੌਧਰੀ ਸ਼ੂਗਰ ਮਿਲਜ਼ 'ਚ ਹਿੱਸੇਦਾਰ ਹਨ ਅਤੇ ਨਿਵੇਸ਼ ਨੂੰ ਲੈ ਕੇ ਐਨ.ਬੀ.ਏ. ਨੂੰ ਸੰਤੋਸ਼ਜਨਕ ਜਵਾਬ ਨਾ ਦੇ ਸਕਣ ਕਾਰਨ ਹਾਲ ਹੀ ਵਿਚ ਦੋਵੇਂ ਲਾਹੌਰ ਸਥਿਤ ਐਨ.ਬੀ.ਏ. ਦਫ਼ਤਰ ਵਿਚ ਪੁੱਛਗਿਛ ਲਈ ਪੇਸ਼ ਹੋਏ ਸਨ। ਦੋਵੇਂ ਹੀ ਨਵਾਜ਼ ਸ਼ਰੀਫ਼, ਸ਼ਹਿਬਾਜ਼ ਸ਼ਰੀਫ਼, ਮਰੀਅਮ ਨਵਾਜ਼, ਹਮਜ਼ਾ ਸ਼ਹਿਬਾਜ਼ ਅਤੇ ਹੋਰ ਦੇ ਨਾਲ ਮਨੀ ਲਾਂਡਰਿੰਗ ਅਤੇ ਨਾਜਾਇਜ਼ ਆਮਦਨ ਦੇ ਦੋਸ਼ਾਂ ਦੀ ਜਾਂਚ ਦਾ ਸਾਹਮਣਾ ਕਰ ਰਹੇ ਹਨ। (ਏਜੰਸੀ)

ਬ੍ਰਿਟੇਨ 'ਚ 6,500 ਲੋਕਾਂ ਨੂੰ ਸ਼ਹਿਰ ਖ਼ਾਲੀ ਕਰਨ ਦੇ ਹੁਕਮ

ਲੰਡਨ, 2 ਅਗੱਸਤ : ਬ੍ਰਿਟਿਸ਼ ਅਧਿਕਾਰੀਆਂ ਨੇ ਉੱਤਰ-ਪਛਮੀ ਇੰਗਲੈਂਡ ਦੇ ਸ਼ਹਿਰ ਡਰਬੀਸ਼ਾਇਰ ਵਿਚ ਰਹਿੰਦੇ 6,500 ਲੋਕਾਂ ਨੂੰ ਸ਼ਹਿਰ ਖਾਲੀ ਕਰਨ ਦੇ ਆਦੇਸ਼ ਜਾਰੀ ਕੀਤੇ ਹਨ। ਅਸਲ ਵਿਚ ਭਾਰੀ ਮੀਂਹ ਦੇ ਬਾਅਦ ਟੋਡਬਰੂਕ ਸਰੋਵਰ ਵਿਚ ਹੜ੍ਹ ਜਿਹੇ ਹਾਲਾਤ ਹਨ। ਇਹ ਪੁਲ ਸਰੋਵਰ ਦੇ ਪਾਣੀ ਦਾ ਵਹਾਅ ਸੰਭਾਲਣ ਵਿਚ ਸਮਰਥ ਨਹੀਂ ਹੈ। ਇਸੇ ਕਾਰਨ ਇਹ ਕਦੇ ਹੀ ਢਹਿ-ਢੇਰੀ ਹੋ ਸਕਦਾ ਹੈ। ਡਰਬੀਸ਼ਾਇਰ ਪੁਲਿਸ ਦਾ ਕਹਿਣਾ ਹੈ ਕਿ ਬ੍ਰਿਟੇਨ ਦੀ ਵਾਤਾਵਰਣ ਏਜੰਸੀ ਨੇ ਵ੍ਹੇਲ ਬ੍ਰਿਜ ਦੇ ਵਸਨੀਕਾਂ ਨੂੰ ਸ਼ਹਿਰ ਛੱਡਣ ਦਾ ਆਦੇਸ਼ ਜਾਰੀ ਕੀਤਾ ਹੈ। ਵਾਤਾਵਰਣ ਏਜੰਸੀ ਨੇ ਇਸ ਖੇਤਰ ਲਈ ਗੰਭੀਰ ਹੜ੍ਹ ਦੀ ਚਿਤਾਵਨੀ ਜਾਰੀ ਕੀਤੀ ਹੈ। ਪੁਲਿਸ ਨੇ ਨਾਗਰਿਕਾਂ ਨੂੰ ਇਕ ਨੇੜਲੇ ਸਕੂਲ ਵਿਚ ਇਕੱਠੇ ਹੋਣ ਲਈ ਕਿਹਾ ਹੈ। (ਏਜੰਸੀ)

ਤਾਲਿਬਾਨ ਦੇ ਹਮਲੇ 'ਚ 10 ਮੌਤਾਂ

ਕਾਬੁਲ, 2 ਅਗੱਸਤ : ਅਫ਼ਗ਼ਾਨਿਸਤਾਨ ਦੇ ਅਧਿਕਾਰੀਆਂ ਨੇ ਦਸਿਆ ਕਿ ਤਾਲੀਬਾਨ ਨੇ ਕੁੰਡੀ ਸੂਬੇ ਵਿਚ ਇਕ ਪੁਲਿਸ ਚੌਕੀ ਨੂੰ ਨਿਸ਼ਾਨਾ ਬਣਾਇਆ। ਇਸ ਹਮਲੇ ਵਿਚ ਘੱਟੋ-ਘੱਟ 10 ਪੁਲਿਸ ਮੁਲਾਜ਼ਮਾਂ ਦੀ ਮੌਤ ਹੋ ਗਈ। ਸੂਬੇ ਦੀ ਰਾਜਪਾਲ ਅਨਵਰ ਰਹਿਮਤੀ ਨੇ ਦਸਿਆ ਕਿ ਪਾਟੂ ਜ਼ਿਲ੍ਹੇ ਵਿਚ ਹੋਏ ਇਸ ਹਮਲੇ ਵਿਚ 15 ਪੁਲਿਸ ਮੁਲਾਜ਼ਮ ਜ਼ਖ਼ਮੀ ਹੋ ਗਏ। ਉਨ੍ਹਾਂ ਨੇ ਦਸਿਆ ਕਿ ਤਾਲੀਬਾਨੀ ਅਤਿਵਾਦੀ ਵੀ ਜ਼ਖ਼ਮੀ ਹੋਏ ਹਨ। (ਏਜੰਸੀ)

ਫ਼ੋਰਟਿਸ ਮਲਾਰ ਹੋਸਪਿਟਲਜ਼ ਲਿਮਟਡ

ਕਾਰਪੋਰੇਟ ਪਛਾਣ ਨੰਬਰ : L85110PB1989PLC045948
ਰਜਿਸਟਰਡ ਦਫ਼ਤਰ : ਫ਼ੋਰਟਿਸ ਹਸਪਤਾਲ, ਸੈਕਟਰ 62, ਫ਼ੇਜ਼-8, ਮੋਹਾਲੀ-160062
ਟੈਲੀ. : +91-172-5096001; ਫ਼ੈਕਸ : +91-172-5096002
ਵੈੱਬਸਾਈਟ : www.fortismalar.com, ਈ-ਮੇਲ : secretarial.malar@malarhospitals.in

30 ਜੂਨ, 2019 ਨੂੰ ਖ਼ਤਮ ਤਿਮਾਹੀ ਲਈ ਸਟੈਂਡਅਲੋਨ ਵਿੱਤੀ ਨਤੀਜਿਆਂ ਦੀ ਸਟੇਟਮੈਂਟ

(ਰੁ. ਲੱਖਾਂ 'ਚ ਈ.ਪੀ.ਐਸ. ਤੋਂ ਸਿਵਾਏ)

ਵੇਰਵਾ	ਕੰਸੋਲੀਡੇਟਿਡ		
	30 ਜੂਨ, 2019 ਨੂੰ ਖ਼ਤਮ ਹੋਈ ਤਿਮਾਹੀ (ਅਣਪੜਤਾਲੇ)	30 ਜੂਨ, 2018 ਨੂੰ ਖ਼ਤਮ ਹੋਈ ਤਿਮਾਹੀ (ਅਣਪੜਤਾਲੇ)	31 ਮਾਰਚ, 2019 ਨੂੰ ਖ਼ਤਮ ਵਰ੍ਹਾ (ਪੜਤਾਲੇ)
ਕਾਰਵਾਈਆਂ ਤੋਂ ਆਮਦਨ	3,187.38	3,356.13	14,459.39
ਸ਼ੁੱਧ(ਹਾਨੀ)/ਲਾਭ ਸਮੇਂ ਲਈ (ਟੈਕਸ, ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਪਹਿਲਾਂ)	(175.89)	(87.89)	279.07
ਸ਼ੁੱਧ (ਹਾਨੀ)/ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	(175.89)	(87.89)	279.07
ਸ਼ੁੱਧ (ਹਾਨੀ)/ਲਾਭ ਸਮੇਂ ਲਈ ਟੈਕਸ ਤੋਂ ਪਹਿਲਾਂ, (ਵਿਸ਼ੇਸ਼ ਅਤੇ/ਜਾਂ ਅਸਾਧਾਰਨ ਮਦਾਂ ਤੋਂ ਬਾਅਦ)	(126.96)	(61.38)	205.55
ਕੁਲ ਵਿਆਪਕ (ਹਾਨੀ)/ਆਮਦਨ ਸਮੇਂ ਲਈ [ਸਮੇਂ ਲਈ ਲਾਭ ਸਮੇਤ (ਟੈਕਸ ਤੋਂ ਬਾਅਦ) ਅਤੇ ਹੋਰ ਵਿਆਪਕ ਆਮਦਨ (ਟੈਕਸ ਤੋਂ ਬਾਅਦ)]	(138.32)	(49.00)	217.87
ਇਕੁਇਟੀ ਸ਼ੇਅਰ ਕੈਪੀਟਲ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ)	1,875.70	1,869.95	1,875.70
ਰਾਖਵਾਂ (ਰੀਵੈਲਿਊਏਸ਼ਨ ਰਿਜ਼ਰਵ ਛੱਡ ਕੇ) ਜਿਵੇਂ ਪਿਛਲੇ ਸਾਲ ਦੀ ਪੜਤਾਲੀ ਬੈਲੈਂਸ ਸ਼ੀਟ ਵਿਚ ਦਰਸਾਇਆ ਗਿਆ ਹੈ	NA	NA	8,661.91
ਪ੍ਰਤੀ ਸ਼ੇਅਰ ਆਮਦਨ (ਫ਼ੇਸ ਵੈਲਿਊ ਰੁ. 10/- ਪ੍ਰਤੀ ਸ਼ੇਅਰ) (ਲਗਾਤਾਰ ਅਤੇ ਬੰਦ ਹੋਣ ਜਾ ਰਹੀਆਂ ਕਾਰਵਾਈਆਂ ਲਈ)			
(ੳ) ਬੇਸਿਕ	(0.68)	(0.33)	1.10
(ਅ) ਡਿਲੀਊਟਿਡ	(0.68)	(0.33)	1.09

ਵੇਰਵਾ	ਕੰਸੋਲੀਡੇਟਿਡ		
	30 ਜੂਨ, 2019 ਨੂੰ ਖ਼ਤਮ ਹੋਈ ਤਿਮਾਹੀ (ਅਣਪੜਤਾਲੇ)	30 ਜੂਨ, 2018 ਨੂੰ ਖ਼ਤਮ ਹੋਈ ਤਿਮਾਹੀ (ਅਣਪੜਤਾਲੇ)	31 ਮਾਰਚ, 2019 ਨੂੰ ਖ਼ਤਮ ਵਰ੍ਹਾ (ਪੜਤਾਲੇ)
ਕਾਰਵਾਈਆਂ ਤੋਂ ਮਾਲੀਆ	3187.38	3356.13	14459.39
ਟੈਕਸ ਤੋਂ ਪਹਿਲਾਂ ਲਾਭ	(184.91)	(99.12)	235.99
ਟੈਕਸ ਤੋਂ ਪਿਛੋਂ ਲਾਭ	(133.47)	(69.69)	173.67

1. ਉੱਪਰ ਲਿਖਿਆ ਤਿਮਾਹੀ ਵਿੱਤੀ ਨਤੀਜਿਆਂ ਦਾ ਹੂ-ਬ-ਹੂ ਵਿਸਤ੍ਰਿਤ ਸਰੂਪ ਹੈ ਜੋ ਕਿ ਸਟਾਕ ਐਕਸਚੇਂਜ ਅਧੀਨ ਸੇਬੀ (ਸੂਚੀਕਰਨ ਫ਼ਰਜ਼ ਅਤੇ ਪ੍ਰਗਟਾਵਾ ਜ਼ਰੂਰਤਾਂ) 2015 ਦੇ ਰੈਗੂਲੇਸ਼ਨ 33 ਹੇਠ ਦਰਜ ਕਰਵਾਏ ਗਏ ਹਨ। ਤਿਮਾਹੀ ਵਿੱਤੀ ਨਤੀਜਿਆਂ ਦਾ ਪੂਰਾ ਸਰੂਪ ਸਟਾਕ ਐਕਸਚੇਂਜ ਦੀ ਵੈੱਬਸਾਈਟ ਭਾਵ www.bseindia.com 'ਤੇ ਅਤੇ ਕੰਪਨੀ ਦੀ ਵੈੱਬਸਾਈਟ www.fortismalar.com 'ਤੇ ਉਪਲਬਧ ਹੈ।
2. ਕੰਪਨੀ 1 ਅਪ੍ਰੈਲ 2019 ਨੂੰ ਅਰਜ਼ੀ ਦੇ ਕੇ ਸੰਸੋਧਿਤ ਪਿਛੋਕੜ ਵਾਲੀ ਪਹੁੰਚ ਦੀ ਵਰਤੋਂ ਕਰਦਿਆਂ ਇੰਡ. ਏਐਸ 116-ਲੀਜ਼ ਅਪਣਾਈ ਹੈ। ਇਸ ਲਈ ਮੌਜੂਦਾ ਤਿਮਾਹੀ ਦਾ ਲਾਭ ਰੁ. 76.99 ਲੱਖ ਤੋਂ ਘੱਟ (ਮੁਲਤਵੀ ਟੈਕਸ ਦਾ ਸ਼ੁਧ ਲਾਭ ਬਣਾਇਆ)

ਲਈ ਫੋਰਟਿਸ ਮਲਾਰ ਹਸਪਤਾਲਜ਼ ਲਿਮਟਿਡ
ਬੋਰਡ ਆਫ਼ ਡਾਇਰੈਕਟਰਾਂ ਲਈ ਅਤੇ ਹਿੱਤ
ਪੀ. ਮੁਰਾਰੀ
ਚੇਅਰਮੈਨ
ਡੀ.ਆਈ.ਐਨ. ਨੰ. : 00020437

ਸਥਾਨ : ਚੇਨਈ
ਮਿਤੀ : 2 ਅਗਸਤ, 2019